# Supportive and palliative care service
# ਸਹਾਇਕ ਅਤੇ ਉਪਚਾਰਕ ਦੇਖਭਾਲ ਸੇਵਾ

ਮਰੀਜ਼ ਦੀ ਜਾਣਕਾਰੀ ਸ਼ੀਟ

Royal Papworth Hospital
NHS Foundation Trust

## ਸਹਾਇਕ ਅਤੇ ਉਪਚਾਰਕ ਦੇਖਭਾਲ ਕੀ ਹੈ?

ਸਹਾਇਕ ਅਤੇ ਉਪਚਾਰਕ ਦੇਖਭਾਲ ਉਹਨਾਂ ਮਰੀਜ਼ਾਂ ਦੀ ਸਹਾਇਤਾ ਕਰਦੀ ਹੈ ਜਿਨ੍ਹਾਂ ਨੂੰ ਲੰਬੇ ਸਮੇਂ ਦੀਆਂ ਸਥਿਤੀਆਂ, ਜਾਨਲੇਵਾ ਬਿਮਾਰੀਆਂ, ਜਾਂ ਉਹਨਾਂ ਦੀ ਸਿਹਤ ਨਾਲ ਸਬੰਧਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਟੀਚਾ ਮਰੀਜ਼ਾਂ ਅਤੇ ਪਰਿਵਾਰਾਂ ਜੀਵਨ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਅਤੇ ਪ੍ਰਾਪਤ ਕਰਨ ਲਈ ਸਹਾਇਤਾ ਕਰਨਾ ਹੈ।

## ਉਹ ਕੌਣ ਹਨ?

ਟੀਮ ਵਿੱਚ ਇੱਕ ਉਪਚਾਰਕ ਦੇਖਭਾਲ ਸ਼ਾਮਲ ਹੈ ਸਲਾਹਕਾਰ, ਇੱਕ ਮਾਹਰ ਰਜਿਸਟਰਾਰ, ਮਾਹਰ ਨਰਸਾਂ ਅਤੇ ਇੱਕ ਟੀਮ ਸੈਕਟਰੀ। ਟੀਮ ਹਸਪਤਾਲ ਦੇ ਸਟਾਫ਼ ਦੇ ਹੋਰ ਮੈਂਬਰਾਂ ਜਿਵੇਂ ਕਿ ਮਨੋਵਿਗਿਆਨਕ ਸੇਵਾਵਾਂ, ਚੈਪਲੈਂਸੀ 'ਗਰੰਥੀ( ਸੇਵਾ, ਕਿੱਤਾ ਮੁਖੀ ਥੈਰੇਪਿਸਟ ਆਦਿ ਨਾਲ ਮਿਲ ਕੇ ਕੰਮ ਕਰਦੇ ਹਨ।

## ਉਹ ਕੀ ਕਰਦੇ ਹਨ?

ਸਰੀਰਕ ਸਮੱਸਿਆਵਾਂ ਦਾ ਹੱਲ ਮਰੀਜ਼ ਦੇ ਜੀਵਨ ਦੇ ਹੋਰ ਪਹਿਲੂਆਂ ਦੇ ਨਾਲ ਕੀਤਾ ਜਾ ਸਕਦਾ ਹੈ, ਜੋ ਇਲਾਜ ਬਿਮਾਰੀ ਦੀ ਅਨਿਸ਼ਚਿਤਤਾ ਦੁਆਰਾ ਪ੍ਰਭਾਵਿਤ ਹੁੰਦੇ ਹਨ, ਜਿਵੇਂ ਕਿ9

- ਮਤਲੀ 'ਉਲਟੀ ਆਉਣ ਨੂੰ ਕਰਨੀ(
- ਦਰਦ
- ਨੀਂਦ ਨਾ ਆਉਣੀ 'ਇਨਸੌਮਨੀਆ(
- ਸਾਹ ਚੜ੍ਹਨਾ

ਸਰੀਰਕ ਲੱਛਣਾਂ ਦੇ ਨਾਲ, ਨਾਲ, ਟੀਮ ਅਧਿਆਤਮਿਕ, ਸਮਾਜਿਕ, ਵਿੱਤੀ ਅਤੇ ਮਨੋਵਿਗਿਆਨਕ ਮੁੱਦਿਆਂ 'ਤੇ ਵੀ ਕੰਮ ਕਰਦੀ ਹੈ9ਇਸ ਨੂੰ 'ਹੋਲਿਸਟਿਕ ਕੇਅਰ' ਕਿਹਾ ਜਾਂਦਾ ਹੈ।

## ਟੀਮ ਇਹ ਵੀ ਕਰਦੀ ਹੈ

- ਜਦੋਂ ਲੋਕ ਭਵਿੱਖ ਦੀ ਦੇਖਭਾਲ ਲਈ ਚੋਣ ਕਰ ਰਹੇ ਹੋਣ ਤਾਂ ਸਹਾਇਤਾ ਪ੍ਰਦਾਨ ਕਰਦੀ ਹੈ
- ਗੁੰਝਲਦਾਰ ਡਿਸਚਾਰਜ ਦੀ ਯੋਜਨਾਬੰਦੀ ਅਤੇ ਘਰ ਜਾਂ ਹੋਸਪਿਸ 'ਜਿਆਦਾ ਬੀਮਾਰਾਂ ਦੀ ਜਗਾਂ( ਦੇਖਭਾਲ ਲਈ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰਦਾ ਹੈ
- ਮਰੀਜ਼ਾਂ ਅਤੇ ਪਰਿਵਾਰਾਂ ਲਈ ਮਨੋਵਿਗਿਆਨਕ ਅਤੇ ਭਾਵਨਾਤਮਕ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ
- ਜਾਣਕਾਰੀ ਅਤੇ ਸਲਾਹ ਦਾ ਸਰੋਤ ਪ੍ਰਦਾਨ ਕਰਦੀ ਹੈ

ਟੀਮ ਹਸਪਤਾਲ ਦੇ ਸਾਰੇ ਖੇਤਰਾਂ ਵਿੱਚ ਕੰਮ ਕਰਦੀ ਹੈ ਸਹਾਇਤਾ ਅਤੇ ਸਲਾਹ ਦੀ ਪੇਸ਼ਕਸ਼ ਕਰਦੀ ਹੈ। ਉਹ ਮਰੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਨਾਲ ਸਿੱਧੀ ਗੱਲ ਕਰਦੇ ਹਨ ਅਤੇ ਮਰੀਜ਼ ਦੀ ਆਪਣੀ ਡਾਕਟਰੀ ਟੀਮ ਨਾਲ ਦੇਖਭਾਲ ਅਤੇ ਪ੍ਰਬੰਧਨ ਦੇ ਪਹਿਲੂਆਂ 'ਤੇ ਚਰਚਾ ਕਰਦੇ ਹਨ।

ਮਰੀਜ਼ਾਂ ਅਤੇ. ਜਾਂ ਦੇਖਭਾਲ ਕਰਨ ਵਾਲਿਆਂ ਦੀਆਂ ਲੋੜਾਂ ਦਾ ਮੁਲਾਂਕਣ ਮਰੀਜ਼ ਦੇ ਅੰਦਰ 'ਸਾਡੇ ਕੋਲ( ਰਹਿਣ ਦੌਰਾਨ, ਬਾਹਰੀ ਮਰੀਜ਼ ਦੇ ਦੌਰੇ ਦੌਰਾਨ ਜਾਂ ਟੈਲੀਫੋਨ ਰਾਹੀਂ ਕੀਤਾ ਜਾ ਸਕਦਾ ਹੈ। ਡਿਸਚਾਰਜ ਤੋਂ ਬਾਅਦ, ਜੇਕਰ ਹੋਰ ਸਹਾਇਤਾ ਦੀ ਲੋੜ ਹੁੰਦੀ ਹੈ, ਤਾਂ ਟੀਮ ਮਰੀਜ਼ ਦੀ ਸਥਾਨਕ ਮਾਹਰ ਉਪਸ਼ਾਸਕ ਦੇਖਭਾਲ ਸੇਵਾਵਾਂ ਤੋਂ ਉਚਿਤ ਦੇਖਭਾਲ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰੇਗੀ।

ਟੀਮ ਮਰੀਜ਼ ਦੇ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਮੁੱਦਿਆਂ ਨੂੰ ਹੱਲ ਕਰਨ ਦੇ ਮਹੱਤਵ ਨੂੰ ਪਛਾਣਦੀ ਹੈ ਅਤੇ ਇਸਲਈ, ਇੱਕ ਹਫ਼ਤਾਵਾਰੀ ਬਹੁ, ਅਨੁਸ਼ਾਸਨੀ ਮੀਟਿੰਗ ਵਿੱਚ ਉਹਨਾਂ ਨੂੰ ਰੈਫਰ 'ਤਕ ਪੁੰਹਚੇ( ਕੀਤੇ ਗਏ ਮਰੀਜ਼ਾਂ ਦੀ ਚਰਚਾ ਕਰਦੀ ਹੈ।

ਮਰੀਜ਼ ਆਪਣੀ ਹਸਪਤਾਲ ਦੀ ਟੀਮ ਨਾਲ, ਇਸ ਗੱਲ 'ਤੇ ਗੱਲਬਾਤ ਕਰ ਰਹੇ ਹਨ ਕਿ ਸ਼ਾਮਲ ਸਾਰੇ ਲੋਕਾਂ ਦਾ ਸਮਰਥਨ ਕਿਵੇਂ ਕਰਨਾ ਹੈ। ਹਸਪਤਾਲ ਦੇ ਬਾਹਰ, ਟੀਮ ਹੋਰ ਸਿਹਤ ਸੰਭਾਲ ਪੇਸ਼ਿਆਂ ਨਾਲ ਸੰਪਰਕ ਕਰਦੀ ਹੈ, ਜੋ ਰਾਇਲ ਪੈਪਵਰਥ ਹਸਪਤਾਲ ਦੇ ਮਰੀਜ਼ਾਂ ਦੀ ਦੇਖਭਾਲ ਵਿੱਚ ਸਹਾਇਤਾ ਕਰ ਸਕਦੇ ਹਨ, ਉਦਾਹਰਨ ਲਈ ਜੀਪੀ, ਦਿਲ ਦੀ ਅਸਫਲਤਾ ਵਾਲੀਆਂ ਨਰਸਾਂ ਅਤੇ ਸਾਹ ਲੈਣ ਵਾਲੀਆਂ ਮਾਹਰ ਨਰਸ।

Royal Papworth Hospital
NHS Foundation Trust

## ਮੈਨੂੰ ਜਾਂ ਮੇਰੇ ਪਰਿਵਾਰ ਨੂੰ ਕਿਵੇਂ ਰੈਫਰ 'ਮੁਢਲਾ ਸੰਪਰਕ( ਕੀਤਾ ਜਾ ਸਕਦਾ ਹੈ?

ਤੁਹਾਡੀ ਦੇਖਭਾਲ ਵਿੱਚ ਸ਼ਾਮਲ ਕੋਈ ਵੀ ਸਿਹਤ ਸੰਭਾਲ ਦਾ ਪੇਸ਼ੇਵਰ+ਸਹਾਇਕ ਅਤੇ ਉਪਚਾਰਕ ਦੇਖਭਾਲ ਟੀਮ ਨੂੰ

ਰੈਫਰਲ/ਰਾਪਤਾ ਕਰ ਸਕਦੇ ਹਨ।

ਤੁਹਾਨੂੰ ਮਿਲਣ ਜਾਂ ਸੰਪਰਕ ਕਰਨ ਤੋਂ ਪਹਿਲਾਂ ਅਸੀਂ ਤੁਹਾਡੇ ਸਲਾਹਕਾਰ ਜਾਂ ਡਾਕਟਰੀ ਟੀਮ ਨਾਲ ਤੁਹਾਡੇ ਰੈਫਰਲ ' ਸੇਵਾ ਵਿਚ ਸ਼ਾਮਲ ਹੋਣ( ਬਾਰੇ ਚਰਚਾ ਕਰ ਸਕਦੇ ਹਾਂ।

ਜੇਕਰ ਵਧੇਰੇ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਟਾਫ ਦੇ ਕਿਸੇ ਮੈਂਬਰ ਜਾਂ ਸਹਾਇਕ ਅਤੇ ਉਪਚਾਰਕ ਦੇਖਭਾਲ ਟੀਮ ਨਾਲ ਸਿੱਧਾ ਸੰਪਰਕ ਕਰੋ੭

### ਮੁੱਖ ਸੰਪਰਕ

### ਟੀਮ ਸੈਕਟਰੀ

01223 638747

### ਸਵਿੱਚਬੋਰਡ

01223 638000


| | |
|---|---|
| Author ID: | Supportive and palliative care team |
| Department: | Supportive and palliative care |
| Printed: | July 2024 |
| Review date: | July 2026 |
| Version: | 11 |
| Leaflet number: | PI 49 Punjabi - Translated by Cintra |


ਬੇਨਤੀ ਕਰਨ 'ਤੇ ਇਸ ਪਰਚੇ ਦੀਆਂ ਵੱਡੀਆਂ ਪ੍ਰਿੰਟ ਕਾਪੀਆਂ ਅਤੇ ਵਿਕਲਪਕ ਭਾਸ਼ਾ ਦੇ ਸੰਸਕਰਣ ਉਪਲਬਧ ਕਰਵਾਏ ਜਾ ਸਕਦੇ ਹਨ।


**Royal Papworth Hospital NHS Foundation Trust**
Papworth Road, Cambridge Biomedical Campus,
Cambridge CB2 0AY
Tel: 01223 638000
**www.royalpapworth.nhs.uk**



© 2024 Royal Papworth Hospital NHS Foundation Trust


A member of Cambridge University Health Partners

QR ਕੋਡ ਨੂੰ ਸਕੈਨ ਕਰਕੇ ਇਸ ਪਰਚੇ ਦਾ ਡਿਜੀਟਲ ਸੰਸਕਰਣ ਦੇਖੋ